ਅਜੀਤ

ਬੁੱਧਵਾਰ, 7 ਮਾਰਚ 2012

# ਭਾਈ ਮਰਦਾਨਾ ਸ਼ਾਸਤਰੀ ਸੰਗੀਤ ਸੰਮੇਲਨ ਦੇ ਦੂਸਰੇ ਦਿਨ ਪ੍ਰਸਿੱਧ ਸੰਗੀਤਕਾਰਾਂ ਨੇ ਕੀਤਾ ਆਪਣੀ ਕਲਾ ਦਾ ਪ੍ਰਦਰਸ਼ਨ

ਪਟਿਆਲਾ, 6 ਮਾਰਚ (ਕੁਲਵੀਰ ਸਿੰਘ)-ਪੰਜਾਬੀ ਯੂਨੀਵਰਸਿਟੀ ਵਿਖੇ ਗੁਰਮਤਿ ਸੰਗੀਤ ਚੇਅਰ ਅਤੇ ਗੁਰਮਤਿ ਸੰਗੀਤ ਵਿਭਾਗ ਵਲੋਂ ਕਰਵਾਏ ਜਾ ਰਹੇ ਰਬਾਬੀ ਭਾਈ ਮਰਦਾਨਾ ਸ਼ਾਸਤਰੀ ਸੰਗੀਤ ਸੰਮੇਲਨ ਦੇ ਦੂਸਰੇ ਦਿਨ ਦੇ ਸਮਾਗਮ ਵਿਚ ਉਪ-ਕੁਲਪਤੀ ਡਾ. ਜਸਪਾਲ ਸਿੰਘ ਨੇ ਕਿਹਾ ਕਿ ਪੰਜਾਬੀ ਯੂਨੀਵਰਸਿਟੀ ਵਲੋਂ ਸ਼ਾਸਤਰੀ ਸੰਗੀਤ ਦੇ ਖੇਤਰ ਵਿਚ ਪ੍ਰਚਲਿਤ ਪੰਜਾਬੀ ਭਾਸ਼ਾ ਦੀਆਂ ਸ਼ਾਸਤਰੀ ਸੰਗੀਤ ਰਚਨਾਵਾਂ ਨੂੰ ਵੱਖ-ਵੱਖ ਸੰਗੀਤਕਾਰਾਂ ਦੀ ਆਵਾਜ਼ ਵਿਚ ਰਿਕਾਰਡ ਕਰਵਾਇਆ ਜਾਵੇਗਾ ਤਾਂ ਜੋ ਆਉਣ ਵਾਲੀ ਪੀੜ੍ਹੀਆਂ ਇਸ ਵਿਰਾਸਤੀ ਖ਼ਜ਼ਾਨੇ ਉੱਤੇ ਮਾਣ ਕਰ ਸਕਣ। ਉਨ੍ਹਾਂ ਗੁਰਮਤਿ ਸੰਗੀਤ ਦੇ ਪ੍ਰਸਿੱਧ ਵਿਦਵਾਨ ਕੀਰਤਨੀਏ ਡਾ. ਜਾਗੀਰ ਸਿੰਘ, ਚੰਡੀਗੜ੍ਹ ਨੂੰ ਪੰਜਾਬੀ ਯੂਨੀਵਰਸਿਟੀ ਵੱਲੋਂ 'ਬੀਬੀ ਜਸਬੀਰ ਕੌਰ ਸੀਨੀਅਰ ਫੈਲੋਸ਼ਿਪ' ਪ੍ਰਦਾਨ ਕੀਤੀ। ਸਮਾਗਮ ਦੌਰਾਨ ਪੰਜਾਬੀ ਯੂਨੀਵਰਸਿਟੀ ਦੇ ਨ੍ਰਿਤ ਵਿਭਾਗ ਦੇ ਪ੍ਰਸਿੱਧ ਤਬਲਾ ਵਾਦਕ ਸ੍ਰੀ ਮਧੁਰੇਸ਼ ਭੱਟ, ਪਦਮ ਸ੍ਰੀ ਸਿੰਘ ਬੰਧੂ ਸ: ਸੁਰਿੰਦਰ ਸਿੰਘ ਅਤੇ ਸ਼ਾਸਤਰੀ ਸੰਗੀਤਕਾਰ ਸਿਤਾਰ ਵਾਦਕ ਸ੍ਰੀ ਪਰਸ਼ੋਤਮ ਦਾਸ ਮਹਿਤਾ ਨੇ ਆਪਣੀ ਕਲਾ ਦਾ ਪ੍ਰਦਰਸ਼ਨ ਕਰ ਕੇ ਸਰੋਤਿਆਂ ਨੂੰ ਸਰਸ਼ਾਰ ਕੀਤਾ। ਸ਼ਾਸਤਰੀ ਸੰਗੀਤ ਸੰਮੇਲਨ ਵਿਚ ਡਾ. ਜਗਜੀਤ ਕੌਰ, ਡਾ. ਰਾਜਿੰਦਰ ਸਿੰਘ ਗਿੱਲ, ਸ. ਦਲੀਪ ਸਿੰਘ ਉੱਪਲ, ਡਾ. ਨਵਜੋਤ ਕੌਰ ਕਸੇਲ, ਡਾ. ਅੰਮ੍ਰਿਤਪਾਲ ਕੌਰ, ਸ: ਅਲੰਕਾਰ ਸਿੰਘ, ਡਾ. ਮਨਮੋਹਨ ਸ਼ਰਮਾ, ਡਾ. ਜਗਮੋਹਨ ਸ਼ਰਮਾ, ਸ: ਜਤਿੰਦਰ ਸਿੰਘ, ਉਸਤਾਦ ਮੁਜਤਬਾ ਹੁਸੈਨ ਤੋਂ ਇਲਾਵਾ ਵੱਡੀ ਗਿਣਤੀ ਵਿਚ ਯੂਨੀਵਰਸਿਟੀ ਕੈਂਪਸ ਦੇ ਫੈਕਲਟੀ ਮੈਂਬਰ ਅਤੇ ਵਿਦਿਆਰਥੀ ਮੌਜੂਦ ਸਨ।




ਪੰਜਾਬੀ ਯੂਨੀਵਰਸਿਟੀ ਵਿਖੇ ਭਾਈ ਮਰਦਾਨਾ ਸ਼ਾਸਤਰੀ ਸੰਗੀਤ ਸੰਮੇਲਨ ਦੌਰਾਨ ਡਾ. ਜਾਗੀਰ ਸਿੰਘ ਨੂੰ ਫੈਲੋਸ਼ਿਪ' ਪ੍ਰਦਾਨ ਕਰਦੇ ਹੋਏ ਡਾ. ਜਸਪਾਲ ਸਿੰਘ ਨਾਲ ਡਾ. ਗੁਰਨਾਮ ਸਿੰਘ, ਸਿੰਘ ਬੰਧੂ ਸ. ਸੁਰਿੰਦਰ ਸਿੰਘ ਅਤੇ ਡਾ. ਰਾਜਿੰਦਰ ਸਿੰਘ ਗਿੱਲ। ਤਸਵੀਰ : ਕੁਲਵੀਰ ਸਿੰਘ ਧਾਲੀਵਾਲ

ਪੰਜਾਬੀ ਟ੍ਰਿਬਿਊਨ

ਚੰਡੀਗੜ੍ਹ, ਬੁੱਧਵਾਰ, 7 ਮਾਰਚ 2012

# ‘ਸ਼ਾਸਤਰੀ ਸੰਗੀਤ ਰਚਨਾਵਾਂ ਨੂੰ ਰਿਕਾਰਡ ਕਰਵਾਇਆ ਜਾਵੇਗਾ’

ਖੇਤਰੀ ਪ੍ਰਤੀਨਿਧ

**ਪਟਿਆਲਾ, 6 ਮਾਰਚ**

ਪੰਜਾਬੀ ਯੂਨੀਵਰਸਿਟੀ ਵੱਲੋਂ ਸ਼ਾਸਤਰੀ ਸੰਗੀਤ ਦੇ ਖੇਤਰ 'ਚ ਪ੍ਰਚੱਲਤ ਪੰਜਾਬੀ ਭਾਸ਼ਾ ਦੀਆਂ ਸ਼ਾਸਤਰੀ ਸੰਗੀਤ ਰਚਨਾਵਾਂ ਨੂੰ ਵੱਖ-ਵੱਖ ਸੰਗੀਤਕਾਰਾਂ ਦੀ ਆਵਾਜ਼ ਵਿੱਚ ਰਿਕਾਰਡ ਕਰਵਾ ਕੇ ਪ੍ਰਕਾਸ਼ਿਤ ਕਰਵਾਇਆ ਜਾਵੇਗਾ, ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਇਸ ਵਿਰਾਸਤੀ ਖਜ਼ਾਨੇ ਉਤੇ ਮਾਣ ਕਰ ਸਕਣ। ਇਸ ਗੱਲ ਦਾ ਪ੍ਰਗਟਾਵਾ ਪੰਜਾਬੀ ਯੂਨੀਵਰਸਿਟੀ ਦੇ ਗੁਰਮਤਿ ਸੰਗੀਤ ਚੇਅਰ-ਗੁਰਮਤਿ ਸੰਗੀਤ ਵਿਭਾਗ ਵੱਲੋਂ ਕਰਵਾਏ ਜਾ ਰਹੇ ਰਬਾਬੀ ਭਾਈ ਮਰਦਾਨਾ ਸ਼ਾਸਤਰੀ ਸੰਗੀਤ ਸੰਮੇਲਨ ਦੇ ਦੂਸਰੇ ਦਿਨ ਸਮਾਗਮ ਨੂੰ ਸੰਬੋਧਨ ਕਰਦਿਆਂ ਉਪ ਕੁਲਪਤੀ ਡਾ. ਜਸਪਾਲ ਸਿੰਘ ਨੇ ਕੀਤਾ।

ਇਸ ਮੌਕੇ ਉਨ੍ਹਾਂ ਗੁਰਮਤਿ ਸੰਗੀਤ ਦੇ ਪ੍ਰਸਿੱਧ ਵਿਦਵਾਨ ਕੀਰਤਨੀਏ ਡਾ. ਜਾਗੀਰ ਸਿੰਘ ਚੰਡੀਗੜ੍ਹ ਨੂੰ 'ਬੀਬੀ ਜਸਬੀਰ ਕੌਰ ਸੀਨੀਅਰ ਫੈਲੋਸ਼ਿਪ' ਵੀ ਪ੍ਰਦਾਨ ਕੀਤੀ। ਇਸ ਤੋਂ ਪਹਿਲਾਂ ਬਨਾਰਸ ਘਰਾਣੇ ਨਾਲ ਸਬੰਧ ਰੱਖਦੇ, ਯੂਨੀਵਰਸਿਟੀ ਦੇ ਨ੍ਰਿਤ ਵਿਭਾਗ ਦੇ ਪ੍ਰਸਿਧ ਤਬਲਾ ਵਾਦਕ ਸ੍ਰੀ ਮਧੁਰੇਸ਼ ਭੱਟ ਨੇ ਤਿੰਨ ਤਾਲ ਵਿੱਚ ਉਪਜ, ਕਾਇਦਾ, ਰੇਲਾ, ਚਕਰਦਾਰ ਤੇ ਲੈਅਕਾਰੀਆਂ ਆਦਿ ਦਾ ਪ੍ਰਦਰਸ਼ਨ ਕਰਕੇ ਸਰੋਤਿਆਂ ਨੂੰ ਸਰਸ਼ਾਰ ਕੀਤਾ। ਉਨ੍ਹਾਂ ਨਾਲ ਭੀਸ਼ਮ ਸ਼ਰਮਾ ਨੇ ਹਾਰਮੋਨੀਅਮ 'ਤੇ ਸੰਗਤ ਕੀਤੀ।

ਇਸ ਮੌਕੇ ਹੀ ਪੰਜਾਬੀ ਯੂਨੀਵਰਸਿਟੀ ਦੇ ਲਾਈਫ ਫੈਲੋ ਪਦਮਸ੍ਰੀ ਸਿੰਘ ਬੰਧੂ ਸੁਰਿੰਦਰ ਸਿੰਘ ਨੇ ਰਾਗ ਬਿਹਾਗ ਵਿੱਚ ਪੰਜਾਬੀ ਭਾਸ਼ਾ ਦੀਆਂ ਦੁਰਲੱਭ ਸੰਗੀਤ ਰਚਨਾਵਾਂ ਸੁਣਾ ਕੇ ਆਪਣੇ ਗਾਇਨ ਦੁਆਰਾ ਸਰੋਤਿਆਂ ਨੂੰ ਮੰਤਰ ਮੁਗਧ ਕੀਤਾ। ਪ੍ਰੋਗਰਾਮ ਦੇ ਤੀਸਰੇ ਸ਼ਾਸਤਰੀ ਸੰਗੀਤਕਾਰ ਸਿਤਾਰ ਵਾਦਨ ਪਰਸ਼ੋਤਮ ਦਾਸ ਮਹਿਤਾ ਨੇ ਰਾਗ ਯਮਨ 'ਚ ਵਿਲੰਭਤ ਤੇ ਦਰੁੱਤ ਗਤ ਦਾ ਵਾਦਨ ਕੀਤਾ। ਇਸ ਉਪਰੰਤ ਰਾਗ ਪੀਲੂ ਵਿੱਚ ਇਕ ਧੁਨ ਦੀ ਪ੍ਰਸਤੁਤੀ ਵੀ ਕੀਤੀ ਗਈ।

ਇਸ ਸ਼ਾਸਤਰੀ ਸੰਗੀਤ ਸੰਮੇਲਨ ਵਿੱਚ ਉਪ ਕੁਲਪਤੀ ਡਾ. ਜਸਪਾਲ ਸਿੰਘ ਦੀ ਪਤਨੀ ਡਾ. ਜਗਜੀਤ ਕੌਰ, ਡਾ. ਰਾਜਿੰਦਰ ਸਿੰਘ ਗਿੱਲ, ਦਲੀਪ ਸਿੰਘ ਉੱਪਲ, ਡਾ. ਨਵਜੋਤ ਕੌਰ ਕਸੇਲ, ਡਾ. ਅੰਮ੍ਰਿਤਪਾਲ ਕੌਰ, ਅਲੰਕਾਰ ਸਿੰਘ, ਡਾ. ਮਨਮੋਹਨ ਸ਼ਰਮਾ, ਡਾ. ਜਗਮੋਹਨ ਸ਼ਰਮਾ, ਜਤਿੰਦਰ ਸਿੰਘ ਤੇ ਉਸਤਾਦ ਮੁਜਤਬਾ ਹੁਸੈਨ ਵੀ ਹਾਜ਼ਰ ਸਨ।

दैनिक भास्कर
रोपड़-पटियाला | बुधवार | 7 मार्च, 2012

# यमन व तीन ताल में उपज के सुर गूंजे

## संगीत सम्मेलन में डा. जागीर सिंह को 'बीबी जसबीर कौर सीनियर फैलोशिप' प्रदान

भास्कर न्यूज | पटियाला

'जल्द ही पंजाबी यूनिवर्सिटी द्वारा शास्त्रीय संगीत के क्षेत्र में प्रचलित पंजाबी भाषा की शास्त्रीय संगीत रचनाओं को विभिन्न संगीतकारों की आवाज में रिकार्ड करवाया जाएगा ताकि इन रचनाओं और विरासती खजाने पर भावी पीढ़ी गौरव महसूस करे।'

उक्त वक्तव्य वीसी डा. जसपाल सिंह ने गुरमति संगीत चेयर और विभाग की ओर से करवाए जा रहे रबाबी भाई मरदाना शास्त्रीय संगीत सम्मेलन के दूसरे दिन कहे। इस दौरान गुरमति संगीत के चंडीगढ़ के प्रसिद्ध विद्वान कीर्तनीय डा. जागीर सिंह को यूनिवर्सिटी द्वारा 'बीबी जसबीर कौर सीनियर फैलोशिप' प्रदान की गई।



पीयू में शास्त्रीय संगीत सम्मेलन के दौरान डा. जगीर सिंह को सम्मानित करते वीसी।

समागम का आगाज यूनिवर्सिटी के नृत्य विभाग के प्रसिद्ध तबला वादक मधुरेश भट्ट (बनारस घराना) ने तीन ताल में उपज, कायदा, रेला, चकरदार और लयकारियां की पेशकारी से श्रोताओं की वाहवाही लूटी। उनके साथ भीष्म शर्मा ने हारमोनियम पर संगत दी। इसके बाद पद्मश्री सिंह बंधु सुरिंदर सिंह ने श्रोताओं को मंत्रमुग्ध किया। कार्यक्रम में तीसरे शास्त्रीय संगीतकार सितार वादन पुरुषोत्तम दास मेहता ने राग यमन में विलंबित व द्रुत गत का वादन किया। इस मौके पर डा. जगजीत कौर, डा. राजिंदर सिंह गिल, दलीप सिंह उप्पल, डा. नवजोत कौर, डा. अमृतपाल, अलंकार सिंह, डा. मनमोहन शर्मा व उस्ताद मुजतबा हुसैन मौजूद थे।

दैनिक जागरण

बुधवार 7 मार्च 2012 : फाल्गुन शुक्ल 14, वि. 2068

# शास्त्रीय संगीत की रचनाएं होंगी रिकार्ड : वीसी

## रबाबी भाई मरदाना शास्त्रीय संगीत सम्मेलन का दूसरा दिन

हमारे संवाददाता, पटियाला : पंजाबी यूनिवर्सिटी द्वारा शास्त्रीय संगीत में प्रचलित पंजाबी भाषा की शास्त्रीय संगीत रचनाओं को विभिन्न संगीतकारों की आवाज में रिकार्ड करवाकर प्रकाशित कराया जाएगा।

यह बात पंजाबी यूनिवर्सिटी में चल रहे तीन दिवसीय रबाबी भाई मरदाना शास्त्रीय संगीत सम्मेलन के दूसरे दिन उपस्थित लोगों को संबोधित करते हुए पंजाबी यूनिवर्सिटी के वाइस चांसलर डा. जसपाल सिंह ने कही। उन्होंने कहा पंजाबी यूनिवर्सिटी शास्त्रीय संगीत के प्रचार व प्रसार में अहम योगदान देगी। इस मौके पर चंडीगढ़ से आए गुरमति संगीत के विद्वान कीर्तनकार डा. जागीर सिंह को पंजाबी यूनिवर्सिटी ने 'बीबी जसबीर कौर सीनियर फैलोशिप' प्रदान की गई।

कार्यक्रम का आरंभ बनारस घराने से संबंधित पंजाबी यूनिवर्सिटी के नृत्य विभाग के तबला वादक मधुरेश भट्ट ने तीन ताल में ऊपज, कायदा, रेला, चक्रदार, व लयकारियां का प्रदर्शन करके श्रोताओं को आनंदित किया। हारमोनियम पर उनका साथ भीष्म शर्मा ने दिया। पंजाबी यूनिवर्सिटी से लाइफ फैलोशिप प्राप्त पदमश्री सिंह बंधू सुरिंदर सिंह ने राग बिहाग में पंजाबी भाषा की दुर्लभ संगीत रचनाएं सुनाकर श्रोताओं को मंत्रमुग्ध कर दिया।




पंजाबी यूनिवर्सिटी में कीर्तनकार डा. जागीर सिंह को 'बीबी जसबीर कौर सीनियर फेलोशिप' प्रदान करते वीसी डा. जसपाल सिंह। जागरण

शास्त्रीय संगीतकार सितार वादक पुरषोत्तम दास मेहता ने राग यमन में विलंबित व द्रुतगत का वादन किया। उसके बाद राग पीलू में इकधुन की प्रस्तुति की। मंगलवार को सम्मेलन में गुरमति संगीत विभाग के मुखी व गुरमति संगीत चेयर के प्रो. गुरनाम सिंह, डा. जगजीत कौर, डा. राजिंदर सिंह गिल, दलीप सिंह उप्पल, डा. नवजोत कौर कसेल, डा. अमृतपाल कौर, अलंकार सिंह, डा. मनमोहन शर्मा, डा. जगमोहन शर्मा, जतिंदर सिंह, उस्ताद मुज्तबा हुसैन के अलावा कैंपस के फेकल्टी सदस्य, विद्यार्थी व संगीत प्रेमी मौजूद रहे।

ਰੋਜ਼ਾਨਾ ਸਪੋਕਸਮੈਨ
ਬੁੱਧਵਾਰ, 7 ਮਾਰਚ, 2012

## ਰਬਾਬੀ ਭਾਈ ਮਰਦਾਨਾ ਸ਼ਾਸਤਰੀ ਸੰਗੀਤ ਸੰਮੇਲਨ

# ਪੰਜਾਬ 'ਵਰਸਿਟੀ ਪੰਜਾਬੀ ਭਾਸ਼ਾ ਦੀਆਂ ਸ਼ਾਸਤਰੀ ਸੰਗੀਤ ਰਚਨਾਵਾਂ ਨੂੰ ਰਿਕਾਰਡ ਕਰਵਾਏਗੀ : ਵੀ.ਸੀ.



**ਪਟਿਆਲਾ**, 6 ਮਾਰਚ (ਹਰਪ੍ਰੀਤ ਸਿੰਘ ਧਾਲੀਵਾਲ) ਪੰਜਾਬੀ ਯੂਨੀਵਰਸਿਟੀ ਦੇ ਗੁਰਮਤਿ ਸੰਗੀਤ ਚੇਅਰ-ਗੁਰਮਤਿ ਸੰਗੀਤ ਵਿਭਾਗ ਵਲੋਂ ਕਰਵਾਏ ਜਾ ਰਹੇ ਰਬਾਬੀ ਭਾਈ ਮਰਦਾਨਾ ਸ਼ਾਸਤਰੀ ਸੰਗੀਤ ਸੰਮੇਲਨ ਦੇ ਦੂਸਰੇ ਦਿਨ ਦੇ ਸਮਾਗਮ ਵਿਚ ਬੋਲਦਿਆਂ ਵਾਈਸ-ਚਾਂਸਲਰ ਡਾ. ਜਸਪਾਲ ਸਿੰਘ ਨੇ ਕਿਹਾ ਕਿ ਜਲਦ ਹੀ ਪੰਜਾਬੀ ਯੂਨੀਵਰਸਿਟੀ ਵਲੋਂ ਸ਼ਾਸਤਰੀ ਸੰਗੀਤ ਦੇ ਖੇਤਰ ਵਿਚ ਪ੍ਰਚਲਿਤ ਪੰਜਾਬੀ ਭਾਸ਼ਾ ਦੀਆਂ ਸ਼ਾਸਤਰੀ ਸੰਗੀਤ ਰਚਨਾਵਾਂ ਨੂੰ ਵੱਖ-ਵੱਖ ਸੰਗੀਤਕਾਰਾਂ ਦੀ ਅਵਾਜ਼ ਵਿਚ ਰਿਕਾਰਡ ਕਰਵਾ ਕੇ ਪ੍ਰਕਾਸ਼ਿਤ ਕਰਵਾਇਆ ਜਾਵੇਗਾ ਤਾਂ ਜੋ ਆਉਣ ਵਾਲੀ ਪੀੜ੍ਹੀਆਂ ਇਸ ਵਿਰਾਸਤੀ ਖ਼ਜ਼ਾਨੇ ਉਤੇ ਮਾਣ ਕਰ ਸਕਣ। ਦੂਸਰੇ ਦਿਨ ਦੇ ਸਮਾਗਮ 'ਚ ਗੁਰਮਤਿ ਸੰਗੀਤ ਦੇ ਪ੍ਰਸਿੱਧ ਵਿਦਵਾਨ ਕੀਰਤਨੀਏ ਡਾ. ਜਾਗੀਰ ਸਿੰਘ, ਚੰਡੀਗੜ੍ਹ ਨੂੰ ਪੰਜਾਬੀ ਯੂਨੀਵਰਸਿਟੀ ਵਲੋਂ 'ਬੀਬੀ ਜਸਬੀਰ ਕੌਰ ਸੀਨੀਅਰ ਫੈਲੋਸ਼ਿਪ' ਪ੍ਰਦਾਨ ਕੀਤੀ ਗਈ। ਸਮਾਗਮ ਦੇ ਆਰੰਭ ਵਿਚ ਪੰਜਾਬੀ ਯੂਨੀਵਰਸਿਟੀ ਦੇ ਨ੍ਰਿਤ ਵਿਭਾਗ ਦੇ ਪ੍ਰਸਿਧ ਤਬਲਾ ਵਾਦਕ ਸ੍ਰੀ ਮਧੁਰੇਸ਼ ਭੱਟ, ਜੋ ਬਨਾਰਸ ਘਰਾਣੇ ਨਾਲ ਸਬੰਧ ਰਖਦੇ ਹਨ, ਨੇ ਤਿੰਨ ਤਾਲ ਵਿਚ ਉਪਜ, ਕਾਇਦਾ, ਰੇਲਾ, ਚਕਰਦਾਰ ਅਤੇ ਲੈਅਕਾਰੀਆਂ ਆਦਿ ਦਾ ਪ੍ਰਦਰਸ਼ਨ ਕਰ ਕੇ ਸਰੋਤਿਆਂ ਨੂੰ ਸਰਾਸਰ ਕੀਤਾ। ਉਨ੍ਹਾਂ ਨਾਲ ਸ੍ਰੀ ਭੀਸ਼ਮ ਸ਼ਰਮਾ ਨੇ ਹਾਰਮੋਨੀਅਮ ਤੇ ਸੰਗਤ ਕੀਤੀ। ਪਦਮ ਸ੍ਰੀ ਸਿੰਘ ਬੰਧੂ ਸ. ਸੁਰਿੰਦਰ ਸਿੰਘ ਨੇ ਰਾਗ ਬਿਹਾਗ ਵਿਚ ਪੰਜਾਬੀ ਭਾਸ਼ਾ ਦੀਆਂ ਦੁਰਲੱਭ ਸੰਗੀਤ ਰਚਨਾਵਾਂ ਸੁਣਾ ਕੇ ਅਪਣੇ ਗਾਇਨ ਦੁਆਰਾ ਸਰੋਤਿਆਂ ਨੂੰ ਮੰਤਰ ਮੁਗਧ ਕੀਤਾ। ਇਥੇ ਵਰਨਣਯੋਗ ਹੈ ਕਿ ਪੰਜਾਬੀ ਯੂਨੀਵਰਸਿਟੀ ਵਲੋਂ ਇਨ੍ਹਾਂ ਨੂੰ ਲਾਈਫ਼ ਫੈਲੋਸ਼ਿਪ ਪ੍ਰਦਾਨ ਕੀਤੀ ਗਈ ਹੈ। ਪ੍ਰੋਗਰਾਮ ਦੇ ਤੀਸਰੇ ਸ਼ਾਸਤਰੀ ਸੰਗੀਤਕਾਰ ਸਿਤਾਰ ਵਾਦਨ ਸ੍ਰੀ ਪ੍ਰਸ਼ੋਤਮ ਦਾਸ ਮਹਿਤਾ ਨੇ ਰਾਗ ਯਮਨ ਵਿਚ ਵਿਲੰਬਿਤ ਅਤੇ ਦਰੁੱਤ ਗਤ ਦਾ ਵਾਦਨ ਕੀਤਾ। ਇਸ ਉਪਰੰਤ ਰਾਗ ਪੀਲੂ ਵਿਚ ਇਕ ਧੁਨ ਦੀ ਪ੍ਰਸਤੁਤੀ ਕੀਤੀ। ਸ਼ਾਸਤਰੀ ਸੰਗੀਤ ਸੰਮੇਲਨ 'ਚ ਡਾ. ਜਗਜੀਤ ਕੌਰ, ਡਾ. ਰਾਜਿੰਦਰ ਸਿੰਘ ਗਿੱਲ, ਸ. ਦਲੀਪ ਸਿੰਘ ਉੱਪਲ, ਡਾ. ਨਵਜੋਤ ਕੌਰ ਕਸੇਲ, ਡਾ. ਅੰਮ੍ਰਿਤਪਾਲ ਕੌਰ, ਸ. ਅਲੰਕਾਰ ਸਿੰਘ, ਡਾ. ਮਨਮੋਹਨ ਸ਼ਰਮਾ, ਡਾ. ਜਗਮੋਹਨ ਸ਼ਰਮਾ, ਸ. ਜਤਿੰਦਰ ਸਿੰਘ, ਉਸਤਾਦ ਮੁਜਤਬਾ ਹੁਸੈਨ ਤੋਂ ਇਲਾਵਾ ਵੱਡੀ ਗਿਣਤੀ ਵਿਚ ਯੂਨੀਵਰਸਿਟੀ ਕੈਂਪਸ ਦੇ ਫੈਕਲਟੀ ਮੈਂਬਰ, ਵਿਦਿਆਰਥੀ ਅਤੇ ਸੰਗੀਤ ਪ੍ਰੇਮੀ ਹਾਜ਼ਰ ਸਨ।

ਚੜ੍ਹਦੀਕਲਾ

(4) ਪਟਿਆਲਾ, ਬੁੱਧਵਾਰ 7 ਮਾਰਚ 2012

# 'ਵਰਸਿਟੀ ਵੱਲੋਂ ਸ਼ਾਸਤਰੀ ਸੰਗੀਤ ਨੂੰ ਪ੍ਰਫੁੱਲਤ ਕਰਨ ਲਈ ਵੱਡਾ ਹੁਲਾਰਾ

ਪਟਿਆਲਾ, 6 ਮਾਰਚ (ਚ.ਨ.ਸ)- ਪੰਜਾਬੀ ਯੂਨੀਵਰਸਿਟੀ ਦੇ ਗੁਰਮਤਿ ਸੰਗੀਤ ਚੇਅਰ-ਗੁਰਮਤਿ ਸੰਗੀਤ ਵਿਭਾਗ ਵਲੋਂ ਕਰਵਾਏ ਜਾ ਰਹੇ ਰਬਾਬੀ ਭਾਈ ਮਰਦਾਨਾ ਸ਼ਾਸਤਰੀ ਸੰਗੀਤ ਸੰਮੇਲਨ ਦੇ ਦੂਸਰੇ ਦਿਨ ਦੇ ਸਮਾਗਮ ਵਿਚ ਬੋਲਦਿਆਂ ਵਾਈਸ-ਚਾਂਸਲਰ ਡਾ. ਜਸਪਾਲ ਸਿੰਘ ਨੇ ਕਿਹਾ ਕਿ ਜਲਦ ਹੀ ਪੰਜਾਬੀ ਯੂਨੀਵਰਸਿਟੀ ਵਲੋਂ ਸ਼ਾਸਤਰੀ ਸੰਗੀਤ ਦੇ ਖੇਤਰ ਵਿਚ ਪ੍ਰਚੱਲਿਤ ਪੰਜਾਬੀ ਭਾਸ਼ਾ ਦੀਆਂ ਸ਼ਾਸਤਰੀ ਸੰਗੀਤ ਰਚਨਾਵਾਂ ਨੂੰ ਵੱਖ-ਵੱਖ ਸੰਗੀਤਕਾਰਾਂ ਦੀ ਅਵਾਜ਼ ਵਿਚ ਰਿਕਾਰਡ ਕਰਵਾ ਕੇ ਪ੍ਰਕਾਸ਼ਿਤ ਕਰਵਾਇਆ ਜਾਵੇਗਾ ਤਾਂ ਜੋ ਆਉਣ ਵਾਲੀ ਪੀੜ੍ਹੀਆਂ ਇਸ ਵਿਰਾਸਤੀ ਖਜ਼ਾਨੇ ਉਤੇ ਮਾਣ ਕਰ ਸਕਣ। ਦੂਸਰੇ ਦਿਨ ਦੇ ਸਮਾਗਮ ਵਿਚ ਗੁਰਮਤਿ ਸੰਗੀਤ ਦੇ ਪ੍ਰਸਿੱਧ ਵਿਦਵਾਨ ਕੀਰਤਨੀਏ ਡਾ. ਜਾਗੀਰ ਸਿੰਘ, ਚੰਡੀਗੜ੍ਹ ਨੂੰ ਪੰਜਾਬੀ ਯੂਨੀਵਰਸਿਟੀ ਵਲੋਂ 'ਬੀਬੀ ਜਸਬੀਰ ਕੌਰ ਸੀਨੀਅਰ ਫੈਲੋਸ਼ਿਪ' ਪ੍ਰਦਾਨ ਕੀਤੀ ਗਈ।



ਸਮਾਗਮ ਦੇ ਆਰੰਭ ਵਿਚ ਪੰਜਾਬੀ ਯੂਨੀਵਰਸਿਟੀ ਦੇ ਨ੍ਰਿਤ ਵਿਭਾਗ ਦੇ ਪ੍ਰਸਿੱਧ ਤਬਲਾ ਵਾਦਕ ਸ੍ਰੀ ਮਧੁਰੇਸ਼ ਭੱਟ, ਜੋ ਬਨਾਰਸ ਘਰਾਣੇ ਨਾਲ ਸਬੰਧ ਰਖਦੇ ਹਨ, ਨੇ ਤਿੰਨ ਤਾਲ ਵਿਚ ਉਪਜ, ਕਾਇਦਾ, ਰੇਲਾ, ਚੱਕਰਦਾਰ ਅਤੇ ਲੈਅਕਾਰੀਆਂ ਆਦਿ ਦਾ ਪ੍ਰਦਰਸ਼ਨ ਕਰਕੇ ਸਰੋਤਿਆਂ ਨੂੰ ਸਰਸ਼ਾਰ ਕੀਤਾ। ਉਨ੍ਹਾਂ ਨਾਲ ਸ੍ਰੀ ਭੀਸ਼ਮ ਸ਼ਰਮਾ ਨੇ ਹਾਰਮੋਨੀਅਮ 'ਤੇ ਸੰਗਤ ਕੀਤੀ। ਪਦਮ ਸ਼੍ਰੀ ਸਿੰਘ ਬੰਧੂ ਸ. ਸੁਰਿੰਦਰ ਸਿੰਘ ਨੇ ਰਾਗ ਬਿਹਾਗ ਵਿਚ ਪੰਜਾਬੀ ਭਾਸ਼ਾ ਦੀਆਂ ਦੁਰਲੱਭ ਸੰਗੀਤ ਰਚਨਾਵਾਂ ਸੁਣਾ ਕੇ ਆਪਣੇ ਗਾਇਨ ਦੁਆਰਾ ਸਰੋਤਿਆਂ ਨੂੰ ਮੰਤਰ ਮੁਗਧ ਕੀਤਾ। ਇਥੇ ਵਰਨਣਯੋਗ ਹੈ ਕਿ ਪੰਜਾਬੀ ਯੂਨੀਵਰਸਿਟੀ ਵਲੋਂ ਇਨ੍ਹਾਂ ਨੂੰ ਲਾਈਫ ਫੈਲੋਸ਼ਿਪ ਪ੍ਰਦਾਨ ਕੀਤੀ ਗਈ ਹੈ। ਪ੍ਰੋਗਰਾਮ ਦੇ ਤੀਸਰੇ ਸ਼ਾਸਤਰੀ ਸੰਗੀਤਕਾਰ ਸਿਤਾਰ ਵਾਦਨ ਸ੍ਰੀ ਪਰਸ਼ੋਤਮ ਦਾਸ ਮਹਿਤਾ ਨੇ ਰਾਗ ਯਮਨ ਵਿਚ ਵਿਲੰਬਿਤ ਅਤੇ ਦਰੁੱਤ ਗਤ ਦਾ ਵਾਦਨ ਕੀਤਾ। ਇਸ ਉਪਰੰਤ ਰਾਗ ਪੀਲੂ ਵਿਚ ਇਕ ਧੁਨ ਦੀ ਪ੍ਰਸਤੁਤੀ ਕੀਤੀ। ਸ਼ਾਸਤਰੀ ਸੰਗੀਤ ਸੰਮੇਲਨ ਵਿਚ ਡਾ. ਜਗਜੀਤ ਕੌਰ, ਡਾ. ਰਾਜਿੰਦਰ ਸਿੰਘ ਗਿੱਲ, ਸ. ਦਲੀਪ ਸਿੰਘ ਉੱਪਲ, ਡਾ. ਨਵਜੋਤ ਕੌਰ ਕਸੇਲ, ਡਾ. ਅੰਮ੍ਰਿਤਪਾਲ ਕੌਰ, ਸ. ਅਲੰਕਾਰ ਸਿੰਘ, ਡਾ. ਮਨਮੋਹਨ ਸ਼ਰਮਾ, ਡਾ. ਜਗਮੋਹਨ ਸ਼ਰਮਾ, ਸ. ਜਤਿੰਦਰ ਸਿੰਘ, ਉਸਤਾਦ ਮੁਜਤਬਾ ਹੁਸੈਨ ਤੋਂ ਇਲਾਵਾ ਵੱਡੀ ਗਿਣਤੀ ਵਿਚ ਯੂਨੀਵਰਸਿਟੀ ਕੈਂਪਸ ਦੇ ਫੈਕਲਟੀ ਮੈਂਬਰ, ਵਿਦਿਆਰਥੀ ਅਤੇ ਸੰਗੀਤ ਪ੍ਰੇਮੀ ਹਾਜ਼ਰ ਸਨ।